Australian Government
Department of Health and Aged Care

medicare

Punjabi




# ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ – ਉਦੋਂ ਮੌਜੂਦ ਜਦੋਂ ਤੁਹਾਨੂੰ ਉਹਨਾਂ ਦੀ ਲੋੜ ਹੁੰਦੀ ਹੈ

ਪੂਰੇ ਆਸਟ੍ਰੇਲੀਆ ਵਿੱਚ, ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ ਦਾ ਇੱਕ ਵਧਦਾ ਹੋਇਆ ਨੈੱਟਵਰਕ ਜ਼ਰੂਰੀ ਬਿਮਾਰੀਆਂ ਅਤੇ ਸੱਟਾਂ ਲਈ ਮੁਫਤ, ਵਾਕ-ਇਨ ਸਿਹਤ ਦੇਖਭਾਲ ਪ੍ਰਦਾਨ ਕਰਦਾ ਹੈ, ਐਮਰਜੈਂਸੀ ਵਿਭਾਗਾਂ ‘ਤੇ ਦਬਾਅ ਘਟਾਉਂਦਾ ਹੈ ਅਤੇ ਲੋੜ ਪੈਣ ‘ਤੇ ਜ਼ਰੂਰੀ ਦੇਖਭਾਲ ਤੱਕ ਪਹੁੰਚ ਕਰਨਾ ਆਸਾਨ ਬਣਾਉਂਦਾ ਹੈ।

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਹਰ ਰੋਜ਼ ਜਲਦੀ ਖੁੱਲ੍ਹਦੇ ਹਨ ਅਤੇ ਦੇਰ ਤਕ ਖੁੱਲੇ ਰਹਿੰਦੇ ਹਨ, ਅਤੇ ਤੁਹਾਨੂੰ ਮੁਲਾਕਾਤ ਬੁੱਕ ਕਰਨ ਜਾਂ ਰੈਫਰਲ ਦੀ ਲੋੜ ਨਹੀਂ ਹੁੰਦੀ ਹੈ। ਲਗਭਗ 70 ਪ੍ਰਤੀਸ਼ਤ ਆਸਟ੍ਰੇਲੀਆ ਵਾਸੀ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਤੋਂ 20 ਮਿੰਟ ਦੀ ਦੂਰੀ ਦੇ ਅੰਦਰ ਰਹਿੰਦੇ ਹਨ।

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਉਹਨਾਂ ਤਰੀਕਿਆਂ ਵਿੱਚੋਂ ਇੱਕ ਹੈ ਜਿਸ ਨਾਲ ਆਸਟ੍ਰੇਲੀਆ ਦੀ ਸਰਕਾਰ ਮੈਡੀਕੇਅਰ ਵਿੱਚ ਨਿਵੇਸ਼ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਸਟ੍ਰੇਲੀਆ ਦੇ ਲੋਕਾਂ ਕੋਲ ਕਿਫਾਇਤੀ ਸਿਹਤ ਦੇਖਭਾਲ, ਜ਼ਰੂਰੀ ਦੇਖਭਾਲ ਅਤੇ ਮਾਨਸਿਕ ਸਿਹਤ ਸਹਾਇਤਾ ਤੱਕ ਬਿਹਤਰ ਪਹੁੰਚ ਹੈ।

## ਜ਼ਰੂਰੀ ਦੇਖਭਾਲ ਕੀ ਹੈ?

- **ਆਮ ਜਾਂ ਨਿੱਤ ਦੀ ਦੇਖਭਾਲ** ਉਹ ਹੈ ਜੋ ਤੁਹਾਡਾ ਸਥਾਨਕ ਜੀਪੀ ਜਾਂ ਨਰਸ ਪ੍ਰਦਾਨ ਕਰਦੀ ਹੈ।
- **ਜ਼ਰੂਰੀ ਦੇਖਭਾਲ** ਉਹ ਹੁੰਦੀ ਹੈ ਜਦੋਂ ਤੁਹਾਨੂੰ ਕੋਈ ਸੱਟ ਜਾਂ ਬਿਮਾਰੀ ਹੁੰਦੀ ਹੈ ਜੋ ਨਿਯਮਤ ਜੀ ਪੀ ਨਾਲ ਮੁਲਾਕਾਤ ਦੀ ਉਡੀਕ ਨਹੀਂ ਕਰ ਸਕਦੀ ਪਰ ਉਹ ਜਾਨਲੇਵਾ ਨਹੀਂ ਹੁੰਦੀ।
- **ਐਮਰਜੈਂਸੀ ਦੇਖਭਾਲ** ਉਦੋਂ ਹੁੰਦੀ ਹੈ ਜਦੋਂ ਤੁਹਾਨੂੰ ਕੋਈ ਸੱਟ ਜਾਂ ਬਿਮਾਰੀ ਹੁੰਦੀ ਹੈ ਜੋ ਜਾਨਲੇਵਾ ਹੈ।

ਵੱਖ-ਵੱਖ ਕਿਸਮਾਂ ਦੀ ਦੇਖਭਾਲ ਦੀਆਂ ਉਦਾਹਰਨਾਂ ਹੇਠਾਂ ਦਿੱਤੀਆਂ ਗਈਆਂ ਹਨ।

| ਆਮ ਜਾਂ ਨਿੱਤ ਦੀ ਦੇਖਭਾਲ | ਜ਼ਰੂਰੀ ਦੇਖਭਾਲ | ਐਮਰਜੈਂਸੀ ਦੇਖਭਾਲ |
|---|---|---|
| • ਵੱਖ-ਵੱਖ ਬਿਮਾਰੀਆਂ ਦਾ ਪਤਾ ਲਗਾਉਣਾ ਅਤੇ ਇਲਾਜ ਕਰਨਾ<br>• ਆਮ ਛਾਣਬੀਨ ਅਤੇ ਸਿਹਤ ਜਾਂਚ<br>• ਟੀਕੇ<br>• ਦਵਾਈ ਲਿਖਣੀ<br>• ਮਾਨਸਿਕ ਸਿਹਤ ਸਲਾਹ<br>• ਪਰਿਵਾਰ ਨਿਯੋਜਨ ਸਲਾਹ<br>• ਟੈਸਟ, ਸਕੈਨ ਜਾਂ ਮਾਹਰ ਦੇਖਭਾਲ ਲਈ ਹਵਾਲੇ<br>• ਪੁਰਾਣੀ ਬਿਮਾਰੀ ਦੀ ਲਗਾਤਾਰ ਦੇਖਭਾਲ ਅਤੇ ਸਿਹਤ ਮੁਲਾਂਕਣ | • ਮਾਮੂਲੀ ਲਾਗਾਂ<br>• ਹੱਡੀਆਂ ਦੀ ਮਾਮੂਲੀ ਟੁੱਟ ਭੱਜ, ਮੋਚ, ਖੇਡਾਂ ਦੀਆਂ ਸੱਟਾਂ ਅਤੇ ਗਰਦਨ ਅਤੇ ਪਿੱਠ ਵਿੱਚ ਦਰਦ<br>• ਪਿਸ਼ਾਬ ਨਾਲੀ ਦੀਆਂ ਲਾਗਾਂ (ਯੂ ਟੀ ਆਈ)<br>• ਮਾਮੂਲੀ ਚੀਰ<br>• ਸੰਭੋਗ ਨਾਲ ਹੋਣ ਵਾਲੀਆਂ ਲਾਗਾਂ (ਐਸ ਟੀ ਆਈ )<br>• ਮੱਛਰਾਂ/ਕੀੜਿਆਂ ਦਾ ਲੜਨਾ ਅਤੇ ਧੱਫੜ<br>• ਅੱਖ ਅਤੇ ਕੰਨ ਦੀ ਮਾਮੂਲੀ ਲਾਗ<br>• ਸਾਹ ਦੀ ਬਿਮਾਰੀ<br>• ਦਸਤ ਤੇ ਉਲਟੀਆਂ (ਗੈਸਟਰੋਐਂਟਰਾਇਟਿਸ)<br>• ਮਾਮੂਲੀ ਸਾੜ | • ਛਾਤੀ ਵਿੱਚ ਦਰਦ ਜਾਂ ਜਕੜਨ<br>• ਸਾਹ ਲੈਣ ਵਿੱਚ ਮੁਸ਼ਕਲ<br>• ਬੇਕਾਬੂ ਖੂਨ ਵਹਿਣਾ<br>• ਬਹੁਤ ਜਿਆਦਾ ਸੜਨਾ<br>• ਜ਼ਹਿਰ<br>• ਸੁੰਨ ਹੋਣਾ ਜਾਂ ਅਧਰੰਗ<br>• ਬੇਹੋਸ਼<br>• ਕੋਈ ਹਰਕਤ ਨਾ ਹੋਣਾ ਜਾਂ ਦੌਰੇ ਪੈਣਾ<br>• ਨਿਆਣਿਆਂ ਵਿੱਚ ਲਗਾਤਾਰ ਬੁਖਾਰ<br>*ਜੇਕਰ ਤੁਹਾਨੂੰ ਜਾਂ ਤੁਹਾਡੀ ਦੇਖਭਾਲ ਵਿੱਚ ਕਿਸੇ ਵਿਅਕਤੀ ਨੂੰ ਜਾਨਲੇਵਾ ਸੱਟ ਜਾਂ ਬਿਮਾਰੀ ਹੈ, ਤਾਂ ਟ੍ਰਿਪਲ ਜ਼ੀਰੋ (000) ਨੂੰ ਕਾਲ ਕਰੋ ਜਾਂ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।* |

## ਮੈਨੂੰ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਕਦੋਂ ਜਾਣਾ ਚਾਹੀਦਾ ਹੈ?

ਜੇ ਤੁਹਾਨੂੰ ਕੋਈ ਸੱਟ ਜਾਂ ਬਿਮਾਰੀ ਹੈ ਜਿਸ ਲਈ ਡਾਕਟਰੀ ਸਹਾਇਤਾ ਦੀ ਲੋੜ ਹੈ, ਤਾਂ ਆਪਣੇ ਆਪ ਨੂੰ ਪੁੱਛੋ:

- ਕੀ ਇਹ ਜਾਨਲੇਵਾ ਹੈ ਅਤੇ ਕੀ ਮੈਨੂੰ ਐਮਰਜੈਂਸੀ ਦੇਖਭਾਲ ਦੀ ਲੋੜ ਹੈ?
- ਕੀ ਇਸ ਨਾਲ ਉਦੋਂ ਤੱਕ ਇੰਤਜ਼ਾਰ ਹੋ ਸਕਦਾ ਹੈ ਜਦੋਂ ਤੱਕ ਮੈਨੂੰ ਆਪਣੇ ਸਥਾਨਕ ਜੀ ਪੀ ਨੂੰ ਮਿਲਣ ਲਈ ਮੁਲਾਕਾਤ ਨਹੀਂ ਮਿਲ ਜਾਂਦੀ?

ਜੇ ਇਹ ਐਮਰਜੈਂਸੀ ਨਹੀਂ ਹੈ ਪਰ ਤੁਸੀਂ ਆਪਣੇ ਜੀ ਪੀ ਨਾਲ ਨਿਯਮਤ ਮੁਲਾਕਾਤ ਦੀ ਉਡੀਕ ਨਹੀਂ ਕਰ ਸਕਦੇ, ਤਾਂ ਇੱਕ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਉਸੇ ਦਿਨ ਤੁਹਾਨੂੰ ਚੈੱਕ ਕਰੇਗਾ ਅਤੇ ਇਲਾਜ ਕਰੇਗਾ। ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਹਫ਼ਤੇ ਦੇ 7 ਦਿਨ, ਲੰਬੇ ਘੰਟੇ ਖੁੱਲ੍ਹੇ ਰਹਿੰਦੇ ਹਨ।

## ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕਾਂ ਤੱਕ ਕੌਣ ਪਹੁੰਚ ਕਰ ਸਕਦਾ ਹੈ?

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਮੈਡੀਕੇਅਰ ਕਾਰਡ ਵਾਲੇ ਕਿਸੇ ਵੀ ਵਿਅਕਤੀ ਲਈ ਬਲਕ ਬਿਲਡ (ਮੁਫ਼ਤ) ਜ਼ਰੂਰੀ ਡਾਕਟਰੀ ਦੇਖਭਾਲ ਪ੍ਰਦਾਨ ਕਰਦੇ ਹਨ। ਤੁਹਾਨੂੰ ਮੁਲਾਕਾਤ ਜਾਂ ਰੈਫ਼ਰਲ ਦੀ ਲੋੜ ਨਹੀਂ ਹੈ।

## ਜਦੋਂ ਮੈਂ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਵਿੱਚ ਜਾਂਦਾ ਹਾਂ ਤਾਂ ਮੈਂ ਕੀ ਉਮੀਦ ਕਰ ਸਕਦਾ ਹਾਂ?

ਜਦੋਂ ਤੁਸੀਂ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਵਿੱਚ ਪਹੁੰਚਦੇ ਹੋ, ਤਾਂ ਇੱਕ ਨਰਸ ਤੁਹਾਡੀ ਸੱਟ ਜਾਂ ਬਿਮਾਰੀ ਦਾ ਮੁਲਾਂਕਣ ਕਰੇਗੀ ਕਿ ਇਹ ਕਿੰਨੀ ਜ਼ਰੂਰੀ ਹੈ। ਇਹ ਇੱਕ 'ਟ੍ਰਾਈਜ' ਪ੍ਰਣਾਲੀ ਹੈ ਜੋ ਇਹ ਫੈਸਲਾ ਕਰਨ ਲਈ ਵਰਤੀ ਜਾਂਦੀ ਹੈ ਕਿ ਕਿਹੜੇ ਮਰੀਜ਼ਾਂ ਨੂੰ ਪਹਿਲਾਂ ਡਾਕਟਰ ਜਾਂ ਨਰਸ ਨੂੰ ਮਿਲਣ ਦੀ ਲੋੜ ਹੈ।

ਸਭ ਤੋਂ ਗੰਭੀਰ ਸਥਿਤੀਆਂ ਵਾਲੇ ਲੋਕ ਹੋਰਾਂ ਤੋਂ ਪਹਿਲਾਂ ਦੇਖੇ ਜਾ ਸਕਦੇ ਹਨ ਜੋ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਹਨ, ਜਾਂ ਜਿਨ੍ਹਾਂ ਦੀ ਮੁਲਾਕਾਤ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਸਭ ਤੋਂ ਜ਼ਰੂਰੀ ਮਾਮਲਿਆਂ ਦਾ ਪਹਿਲਾਂ ਇਲਾਜ ਕੀਤਾ ਜਾਂਦਾ ਹੈ।

# ਹੋਰ ਜਾਣਕਾਰੀ

**ਆਪਣੇ ਨਜ਼ਦੀਕੀ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਨੂੰ ਲੱਭਣ ਲਈ, health.gov.au/MedicareUCC 'ਤੇ ਜਾਓ**

**ਮੈਡੀਕੇਅਰ ਤੁਹਾਡੀ ਮਦਦ ਕਿਵੇਂ ਕਰ ਸਕਦਾ ਹੈ ਇਸ ਬਾਰੇ ਜਾਣਕਾਰੀ ਲਈ, medicare.gov.au/stronger 'ਤੇ ਜਾਓ**

ਹੋਰ ਜਾਣਨ ਲਈ ਸਕੈਨ ਕਰੋ